**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ;ਸਿੱ) ਪੰਜਾਬ.ਐਸ.ਏ.ਐਸ ਨਗਰ।**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ -E,ਚੋਥੀ ਮੰਜਿਲ, ਫੇਜ -8 ਐਸ.ਏ.ਐਸ ਨਗਰ**

**(Through Website)**

ਸੇਵਾ ਵਿਖੇ,

1) ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐ;ਸਿ),ਪੰਜਾਬ।
3) ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।
4) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ ਰਾਜ ਵਿੱਚ।

ਮੀਮੋ ਨੰ; 15/61- 2017- ਫ਼. ਐਸ(1)/481

ਮਿਤੀ ਐਸ.ਏ.ਐਸ ਨਗਰ 16.8.17

**ਵਿਸ਼ਾ ;** **ਗ੍ਰੇਡ ਰਵੀਜ਼ਨ ਅਕਤੂਬਰ 2011/ਦਸੰਬਰ 2011 ਅਨੁਸਾਰ ਕੀਤੀ ਤਨਖਾਹ ਫਿਕਸ਼ੇਸ਼ਨ ਸਬੰਧੀ ਸਪੱਸ਼ਟੀਕਰਨ।**

ਉਪਰੋਕਤ ਵਿਸ਼ੇ ਸਬੰਧੀ ਸਿੱਖਿਆ ਵਿਭਾਗ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਕੁੱਝ ਸਪੱਸ਼ਟੀਕਰਨ ਮੰਗੇ ਗਏ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ; | ਸਵਾਲ | ਸਪੱਸ਼ਟੀਕਰਨ |
|---|---|---|
| 1 | ਸਿੱਖਿਆ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਪੁਛਿਆ ਗਿਆ ਹੈ ਕਿ ਉਹ ਦਸੰਬਰ 2006 ਵਿੱਚ ਭਰਤੀ ਹੋਏ ਸਨ। ਸਰਕਾਰ ਵੱਲੋਂ ਅਕਤੂਬਰ 2011 ਵਿੱਚ ਮਾਸਟਰ/ ਮਿਸਟ੍ਰੈਸ ਦੀ ਗ੍ਰੇਡ ਪੇ ਵਿੱਚ 3800/-ਰੁਪਏ ਤੋਂ 4600/-ਰੁਪਏ ਦਾ ਵਾਧਾ ਕੀਤਾ ਗਿਆ ਸੀ ਅਤੇ ਦਸੰਬਰ 2011 ਵਿੱਚ ਗ੍ਰੇਡ ਪੇ ਵਧਾ ਕੇ 5000/-ਰੁਪਏ ਕਰ ਦਿੱਤੀ ਗਈ ਜਿਸ ਨਾਲ ਉਨ੍ਹਾਂ ਨੂੰ ਇੱਕ ਤਰੱਕੀ ਤੋਂ ਵੱਧ ਦਾ ਲਾਭ ਹੋਇਆ ਹੈ। ਉਨ੍ਹਾਂ ਨੇ ਪੁਛਿਆ ਹੈ ਕਿ ਉਨ੍ਹਾਂ ਦੀ ਸਲਾਨਾ ਤਰੱਕੀ ਦੀ ਮਿਤੀ ਕਿਹੜੀ ਹੋਵੇਗੀ ? | ਇਸ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਵਿੱਤ ਵਿਭਾਗ ਦੇ ਪੱਤਰ ਨੰ: 5/55/09-5 ਐਫ ਪੀ.1/429 ਮਿਤੀ 09-07-2012 ਰਾਹੀਂ ਕਲੈਰੀਫਿਕੇਸ਼ਨ ਦਿੱਤੀ ਹੋਈ ਹੈ ਕਿ ਸਾਲ 2011 ਵਿੱਚ ਮੁੜ ਰਿਵਾਇਜ ਕੀਤੇ ਗਏ ਸਕੇਲਾਂ ਕਾਰਨ ਜਿੱਥੇ ਕਰਮਚਾਰੀ/ਅਧਿਕਾਰੀ ਦੀ ਤਨਖਾਹ ਰਿਵਾਇਜ਼ਡ ਸਕੇਲ ਦੇ (Initial) ਤੇ ਫਿਕਸ ਹੁੰਦੀ ਹੈ ਅਤੇ ਉਨ੍ਹਾਂ ਨੂੰ ਇੱਕ ਤਰੱਕੀ ਜਾਂ ਉਸ ਤੋਂ ਵੱਧ ਦਾ ਲਾਭ ਹੁੰਦਾ ਹੈ, ਉਸ ਕੇਸ ਵਿੱਚ ਸਲਾਨਾ ਤਰੱਕੀ ਰੀਫਿਕਸ਼ੇਸ਼ਨ ਦੀ ਮਿਤੀ ਤੋਂ 12 ਮਹੀਨੇ ਤੋਂ ਬਾਅਦ ਲੱਗੇਗੀ। ਜਿਵੇਂ ਕਿ ਕਰਮਚਾਰੀ ਦਸੰਬਰ 2010 ਵਿੱਚ 15030/-ਬੇਸਿਕ ਲੈ ਰਿਹਾ ਸੀ ਅਤੇ ਦਸੰਬਰ 2011 ਵਿੱਚ ਉਸਦੀ ਤਨਖਾਹ ਗ੍ਰੇਡ ਰਵੀਜਨ ਕਾਰਨ Initial-pay 17420/- ਤੇ ਫਿਕਸ ਹੁੰਦੀ ਹੈ, ਇਸ ਕੇਸ ਵਿੱਚ ਕਰਮਚਾਰੀ ਨੂੰ ਇੱਕ ਤਰੱਕੀ ਤੋਂ ਵੱਧ ਦਾ ਲਾਭ ਹੋਣ ਕਾਰਣ ਸਲਾਨਾ ਤਰੱਕੀ |

16/8/17

| | | |
|---|---|---|
| | | ਮਿਤੀ 01-12-2012 ਨੂੰ ਲੱਗੇਗੀ। ਬਾਕੀ ਕੇਸਾਂ ਵਿੱਚ ਸਲਾਨਾ ਤਰੱਕੀ ਦੀ ਮਿਤੀ ਪੁਰਾਣੀ ਵਾਲੀ ਹੀ ਰਹੇਗੀ। |
| 2 | ਕਰਮਚਾਰੀ ਵੱਲੋਂ ਪੁਛਿਆ ਗਿਆ ਹੈ ਕਿ ਉਸਦੀ ਨਿਯੁਕਤੀ ਦੀ ਮਿਤੀ 01-04-2011 ਹੈ। ਅਕਤੂਬਰ 2011 ਅਤੇ ਦਸੰਬਰ 2011 ਵਿੱਚ ਗ੍ਰੇਡ ਰੀਵੀਜਨ ਕਾਰਨ ਸਲਾਨਾ ਤਰੱਕੀ ਕਿਹੜੀ ਮਿਤੀ ਨੂੰ ਲੱਗੇਗੀ ? | ਇਸ ਸਬੰਧੀ ਉੱਪਰ ਸਪੱਸ਼ਟ ਕੀਤਾ ਜਾ ਚੁੱਕਾ ਹੈ। ਇਸ ਕੇਸ ਵਿੱਚ ਤਨਖਾਹ Initial-pay ਤੇ ਫਿਕਸ ਹੋਣ ਕਾਰਨ ਅਤੇ ਇੱਕ ਸਲਾਨਾ ਤਰੱਕੀ ਤੋਂ ਵੱਧ ਦਾ ਲਾਭ ਮਿਲਣ ਕਾਰਨ ਅਗਲੀ ਸਲਾਨਾ ਤਰੱਕੀ 01-12-2012 ਨੂੰ ਲੱਗੇਗੀ। |
| 3 | ਸੇਵਾ ਕਾਲ ਵਿੱਚ ਵਾਧੇ ਤੇ ਚੱਲ ਰਹੇ ਅਧਿਆਪਕਾਂ ਵੱਲੋਂ ਪੁਛਿਆ ਗਿਆ ਹੈ ਕਿ ਉਹ ਦੂਜੇ ਸਾਲ ਦੇ ਵਾਧੇ ਤੇ ਚੱਲ ਰਹੇ ਹਨ ਅਤੇ 2 ਸਾਲ ਵਿੱਚ 20 ਮੈਡੀਕਲ ਛੁੱਟੀਆਂ ਅਤੇ 16 ਕਮਾਈ ਛੁੱਟੀਆਂ ਬਣਦੀਆਂ ਹਨ। ਕੀ ਉਹ 20 ਮੈਡੀਕਲ ਛੁੱਟੀਆਂ ਅਤੇ 16 ਕਮਾਈ ਛੁੱਟੀਆਂ ਦੂਜੇ ਸਾਲ ਦੇ ਵਾਧੇ ਦੋਰਾਂਨ ਲੈ ਸਕਦੇ ਹਨ? | ਇਸ ਸਬੰਧ ਵਿੱਚ ਸਪੱਸ਼ਟ ਕੀਤਾ ਜਾਂਦਾ ਹੈ ਕਿ ਅਧਿਆਪਕਾਂ ਨੂੰ ਕਮਾਈ ਛੁੱਟੀ ਅਤੇ ਅੱਧੀ ਤਨਖਾਹ ਛੁੱਟੀ ਸਾਲ ਪੂਰਾ ਹੋਣ ਤੇ ਡਿਊ ਹੁੰਦੀ ਹੈ। ਪਹਿਲੇ ਸਾਲ ਵਿੱਚ ਸਿਰਫ 8 ਕਮਾਈ ਛੁੱਟੀਆਂ ਅਤੇ 10 ਮੈਡੀਕਲ ਛੁੱਟੀਆਂ ਹੀ ਬਣਦੀਆਂ ਹਨ। ਉਨ੍ਹਾਂ ਵੱਲੋਂ ਇੰਨੀਆਂ ਛੁੱਟੀਆਂ ਹੀ ਅਵੇਲ ਕੀਤੀਆਂ ਜਾ ਸਕਦੀਆਂ ਹਨ। ਜੇਕਰ ਇਸ ਤੋਂ ਜਿਆਦਾ ਛੁੱਟੀਆਂ ਅਵੇਲ ਕਰਦੇ ਹਨ ਤਾਂ ਸੇਵਾ ਨਵਿਰਤੀ ਦੀ ਮਿਤੀ ਨੂੰ ਜਮ੍ਹਾ ਕਮਾਈ ਛੁੱਟੀ ਵਿੱਚੋਂ ਕੱਟੀਆ ਜਾਣਗੀਆਂ। |

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ ਐਸ.ਏ.ਐਸ ਨਗਰ

ਕਾਪੀ;- ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ, ਐਸ.ਏ.ਐਸ ਨਗਰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।